# PC-103/A

**J-1/2041**

## ਪੰਜਾਬੀ ਕਵਿਤਾ

Paper–III

Time : Three Hours] [Maximum Marks : 100

**ਨੋਟ :** ਭਾਗ 'ੳ' ਵਿੱਚੋਂ ਦਿੱਤੇ ਚਾਰ ਪ੍ਰਸ਼ਨਾਂ ਵਿਚੋਂ ਕੋਈ *ਦੋ* ਪ੍ਰਸ਼ਨ ਕਰੋ ਅਤੇ ਹਰੇਕ ਪ੍ਰਸ਼ਨ ਦੇ 15 ਅੰਕ ਹਨ। ਭਾਗ 'ਅ' ਵਿੱਚੋਂ ਦਿੱਤੇ ਚਾਰ ਪ੍ਰਸ਼ਨਾਂ ਵਿਚੋਂ ਕੋਈ *ਦੋ* ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦੇ 15 ਅੰਕ ਹਨ। ਭਾਗ 'ੲ' ਲਾਜ਼ਮੀ ਹੈ ਅਤੇ ਹਰੇਕ ਪ੍ਰਸ਼ਨ ਦੇ 2 ਅੰਕ ਹਨ।

### ਭਾਗ–ੳ

I. ਬਾਬਾ ਫ਼ਰੀਦ ਜੀ ਦੀ ਵਿਚਾਰਧਾਰਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

II. ਜਪੁਜੀ ਦੀਆਂ ਭਾਸ਼ਾਈ ਅਤੇ ਸ਼ੈਲੀਗਤ ਵਿਸ਼ੇਸ਼ਤਾਵਾਂ ਦੱਸੋ।

III. ਜਪੁਜੀ ਦੇ ਪੰਜ ਖੰਡਾਂ ਦੀ ਵਿਆਖਿਆ ਕਰੋ।

IV. ਵਾਰਿਸ ਸ਼ਾਹ ਦੀ 'ਹੀਰ' ਵਿੱਚੋਂ ਸੱਭਿਆਚਾਰ ਪੇਸ਼ਕਾਰੀ ਦੀ ਝਲਕ ਪੇਸ਼ ਹੁੰਦੀ ਹੈ। ਇਸ ਨੂੰ ਦਲੀਲਾਂ ਸਹਿਤ ਸਪੱਸ਼ਟ ਕਰੋ। (15×2=30)

## ਭਾਗ-ਅ

V. ਸ਼ਾਹ ਮੁਹੰਮਦ ਦੀ ਰਚਨਾ ਜੰਗਨਾਮਾ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਪਰਖੋ।

VI. 'ਜੰਗਨਾਮਾ' ਕੀ ਹੁੰਦਾ ਹੈ? ਇਸਦੇ ਸਰੂਪ ਬਾਰੇ ਚਰਚਾ ਕਰੋ।

VII. 'ਲੋਕਾਂ ਨਾਲ ਗੱਲ' ਕਵਿਤਾ ਦਾ ਵਿਸ਼ਾ ਵਸਤੂ ਕੀ ਹੈ? ਸਪੱਸ਼ਟ ਕਰੋ।

VIII. 'ਖਤਾਂ ਦੀ ਉਡੀਕ' ਕਵਿਤਾ ਦਾ ਵਿਸ਼ਾ ਵਸਤੂ ਲਿਖੋ। (15×2=30)

## ਭਾਗ-ੲ

IX. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(1) ਬਾਬਾ ਫ਼ਰੀਦ ਦੇ ਕਿੰਨੇ ਸ਼ਬਦ ਹਨ ਤੇ ਕਿਹੜੇ ਕਿਹੜੇ ਰਾਗ ਵਿੱਚ ਹਨ।

(2) ਬਾਬਾ ਫ਼ਰੀਦ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

(3) ਬਾਬਾ ਫ਼ਰੀਦ ਦੇ ਮੁਰਸ਼ਦ ਕੌਣ ਸਨ?

(4) ਬਾਬਾ ਫ਼ਰੀਦ ਦੀ ਬਾਣੀ ਦੀਆਂ ਵਿਸ਼ੇਸ਼ਤਾਵਾਂ ਕੀ ਹਨ?

(5) ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿੱਚ ਧਰਮ ਦੀ ਕੀ ਵਿਆਖਿਆ ਕੀਤੀ ਹੈ?

(6) ਗੁਰੂ ਨਾਨਕ ਦੇਵ ਜੀ ਦੀ ਕਿਸ ਬਾਣੀ ਨੂੰ ਗੁਰਰਮਤਿ ਜੀਵਨ ਦਡਸ਼ਨ ਦਾ ਸਿਧਾਂਤਿਕ ਸਾਰ ਆਖਿਆ ਗਿਆ ਹੈ?

(7) ਜਪੁਜੀ ਦੇ ਵਿਸ਼ੇ ਸੰਗਠਨ ਦਾ ਕੇਂਦਰੀ ਧੁਰਾ ਕਿਹੜੇ ਸੰਕਲਪਾਂ ਦੁਆਲੇ ਘੁੰਮਦਾ ਹੈ?

(8) ਭਾਰਤੀ ਕਾਵ ਸ਼ਾਸਾਰ ਦੇ ਦ੍ਰਿਸ਼ਟੀਕੋਣ ਤੋਂ ਜਪੁਜੀ ਰਚਨਾ ਨੂੰ ਕਿਸ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ?

(9) ਵਾਰਿਸ ਸ਼ਾਹ ਦਾ ਜਨਮ ਤੇ ਦਿਹਾਂਤ ਕਦੋਂ ਤੇ ਕਿੱਥੇ ਹੋਇਆ?

(10) ਵਾਰਿਸ ਸ਼ਾਹ ਦੀ ਰਚਨਾ 'ਹੀਰ' ਦਾ ਅੰਤ ਕਿਹੋ ਜਿਹਾ ਹੈ?

(11) ਵਾਰਿਸ ਸ਼ਾਹ ਦੀਆਂ ਅਖਾਣਾਂ ਦਾ ਰੂਪ ਧਾਰਨ ਕਰ ਗਈਆਂ ਦੋ ਪੰਕਤੀਆਂ ਲਿਖੋ।

(12) ਵਾਰਿਸ ਸ਼ਾਹ ਦੀ ਰਚਨਾ 'ਹੀਰ' ਕਿਹੜੇ ਛੰਦ ਵਿੱਚ ਲਿਖੀ ਗਈ ਹੈ? ਉਸ ਛੰਦ ਦੀਆਂ ਕੁੱਲ ਕਿੰਨੀਆਂ ਮਾਤਰਾਵਾਂ ਹੁੰਦੀਆ ਹਨ?

(13) ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ' ਵਿੱਚ ਕਿਹੜਾ ਰਸ ਉਭਰਿਆ ਹੈ?

(14) 'ਜੰਗਨਾਮਾ ਦੀਆਂ ਵਿਸ਼ੇਸ਼ਤਾਵਾਂ ਲਿਖੋ।

(15) ਸ਼ਾਹ ਮੁਹੰਮਦ ਦਾ 'ਜੰਗਨਾਮਾ' ਕਿਸ ਘਟਨਾ ਕ੍ਰਮ ਨੂੰ ਲੈ ਕੇ ਲਿਖਿਆ ਗਿਆ ਹੈ?

(16) ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ' ਵਿੱਚ ਕੁੱਲ ਕਿੰਨੇ ਬੰਦ ਹਨ?

(17) ਰੱਬ ਤੇ ਪ੍ਰਕਿਰਤੀ ਨੂੰ ਪਿਆਰ ਕਰਨ ਨਾਲ ਕੀ ਹਾਸਲ ਹੁੰਦਾ ਹੈ?

(18) ਬਿਰਹਾ ਵਿੱਚ ਤੜਫਦੀ ਨਾਰੀ ਨੂੰ ਖੁਸ਼ੀ ਕਦੋਂ ਮਿਲਦੀ ਹੈ?

(19) 'ਲੋਕਾਂ ਨਾਲ ਗੱਲ' ਕਵਿਤਾ ਕਿਸ ਕਵੀ ਦੀ ਰਚਨਾ ਹੈ? ਇਸਦੇ ਵਿਸ਼ੇ ਬਾਰੇ ਵੀ ਦੱਸੋ।

(20) ਐਨ.ਆਰ.ਆਈ. ਲਈ ਭਾਰਤ ਨਰਕ ਕਿਉਂ ਹੈ?

(2×20=40)